# ਰੋਜਾਨਾ ਕਰਾਇਮ ਰਿਪੋਰਟ ਮਿਤੀ 13.11.2023

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਸਦਰ ਮਲੋਟ | 117 ਮਿਤੀ 12.11.2023 ਅ/ਧ 325,323 IPC | ਪਿੰਡ ਕਟੋਰੇਵਾਲਾ | ਰਾਕੇਸ਼ ਕੁਮਾਰ ਪੁੱਤਰ ਤੇਜਪਾਲ ਸਿੰਘ ਪੁੱਤਰ ਜਵਾਲਾ ਰਾਮ ਵਾਸੀ ਪਿੰਡ ਕਟੋਰੇਵਾਲਾ | ਅਮਰਿੰਦਰ ਸਿੰਘ ਉਰਫ ਕੈਪਟਨ ਪੁੱਤਰ ਕੱਥਾ ਸਿੰਘ ਵਾਸੀ ਢਾਣੀ ਕਟੋਰੇਵਾਲਾ | ਬਰਜਮਾਨਤ ਰਿਹਾਅ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮੁੱਦਈ ਰਾਕੇਸ਼ ਕੁਮਾਰ ਨੇ ਅਮਰਿੰਦਰ ਸਿੰਘ ਤੋਂ 97000 ਰੁਪਏ ਉਧਾਰ ਲਏ ਸਨ। ਜਿਸ ਦੀਆ ਮੁੱਦਈ ਲਗਾਤਾਰ ਕਿਸ਼ਤਾਂ ਦੇ ਰਿਹਾ ਸੀ ।ਅਮਰਿੰਦਰ ਸਿੰਘ ਉਕਤ ਮੁੱਦਈ ਦੇ ਘਰ ਉਲਾਂਭਾ ਦੇ ਕੇ ਆਇਆ ਕਿ ਪੈਸੇ ਦੇ ਦਿਓ ਨਹੀਂ ਤਾਂ ਉਹ ਅਦਾਲਤ ਵਿੱਚ ਚੈੱਕ ਲਗਾ ਦੇਵੇਗਾ। ਜਿਸ ਤੇ ਮੁੱਦਈ ਅਮਰਿੰਦਰ ਸਿੰਘ ਦਾ ਉਲਾਂਭਾ ਲੈ ਪਿੰਡ ਦੇ ਸਰਪੰਚ ਦੇ ਘਰ ਗਿਆ। ਜਿੱਥੇ ਅਮਰਿੰਦਰ ਸਿੰਘ ਉਕਤ ਵੀ ਆ ਗਿਆ ।ਜਿੱਥੇ ਅਮਰਿੰਦਰ ਸਿੰਘ ਉਰਫ ਕੈਪਟਨ ਉਕਤ ਗੁੱਸੇ ਵਿੱਚ ਆ ਕੇ ਕੁਰਸੀ ਨਾਲ ਮੁੱਦਈ ਮੁਕੱਦਮਾ ਦੇ ਸੱਟਾਂ ਮਾਰੀਆ। ਜਿਸ ਸਬੰਧੀ ਰਪਟ ਨੰ 44 ਮਿਤੀ 03.08.23 ਅ/ਧ 323 ਹਿੰ ਦੰ ਦਰਜ ਰੋਜਨਾਮਚਾ ਕੀਤੀ ਗਈ। ਜਿਸ ਸਬੰਧੀ ਅੰਡਰ ਐਕਸਰੇ ਰੱਖੀ ਸੱਟ ਨੰ 01 ਗਰੀਵੀਅਸ ਆਉਣ ਪਰ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਸ:ਥ ਅਸ਼ੋਕ ਕੁਮਾਰ |
| 2 | ਸਦਰ ਮਲੋਟ | 118 ਮਿਤੀ 12.11.2023 ਅ/ਧ 324,323,34 IPC | ਪਿੰਡ ਤਰਖਾਣਵਾਲਾ | ਸ਼ਮਸ਼ੇਰ ਸਿੰਘ ਉਰਫ ਸ਼ੈਰੀ ਪੁੱਤਰ ਇਕਬਾਲ ਸਿੰਘ ਉਰਫ ਕਾਲਾ ਸਿੰਘ ਵਾਸੀ ਪਿੰਡ ਤਰਖਾਣਵਾਲਾ | 1. ਜਗਮੀਤ ਸਿੰਘ ਪੁੱਤਰ ਬੱਲਾ ਸਿੰਘ<br>2. ਫਤਿਹ ਸਿੰਘ ਪੁੱਤਰ ਰਾਜਾ ਸਿੰਘ ਵਾਸੀਆਨ ਪਿੰਡ ਤਰਖਾਣਵਾਲਾ | ਬਾਕੀ ਹੈ | ਸੰਖੇਪ ਹਾਲਾਤ ਇਸ ਪ੍ਰਕਾਰ ਹੈ ਕਿ ਮੁੱਦਈ ਸ਼ਮਸ਼ੇਰ ਸਿੰਘ ਉਰਫ ਸ਼ੇਰੀ ਉਕਤ ਮਿਤੀ 08.11.2023 ਨੂੰ ਵਕਤ ਕ੍ਰੀਬ 08 ਪੀ ਐਮ ਪਰ ਬੰਟੀ ਸਿੰਘ ਪੁੱਤਰ ਕਾਕਾ ਸਿੰਘ ਨਾਲ ਆਪਣੇ ਘਰ ਦੇ ਬਾਹਰ ਗੱਲਾ ਬਾਤਾ ਕਰ ਰਿਹਾ ਸੀ ।ਜਿੱਥੇ ਜਗਮੀਤ ਸਿੰਘ ਅਤੇ ਫਤਿਹ ਸਿੰਘ ਉਕਤਾਨ ਮੋਟਰਸਾਈਕਲ ਪਰ ਸਵਾਰ ਹੋ ਕੇ ਆਏ । ਜਿਹਨਾਂ ਨੇ ਮੁੱਦਈ ਮੁਕੱਦਮਾ ਦੀ ਕੁੱਟਮਾਰ ਕੀਤੀ। ਵਜ੍ਹਾ ਰੰਜਿਸ਼ ਇਹ ਹੈ ਕਿ ਕੁਝ ਦਿਨ ਪਹਿਲਾ ਬੰਟੀ ਸਿੰਘ ਉਕਤ ਨੇ ਫਤਿਹ ਸਿੰਘ ਦੇ ਘਰ ਦੇ ਬਾਹਰ ਪਟਾਕੇ ਚਲਾਏ ਸਨ।ਜਿੱਥੇ ਇਹਨਾਂ ਦਾ ਝਗੜਾ ਹੋਇਆ ਸੀ ਅਤੇ ਮੁੱਦਈ ਮੁਕੱਦਮਾ ਨੇ ਇਹਨਾਂ ਨੂੰ ਛੁਡਾਇਆ ਸੀ। ਜਿਸਤੇ ਉਕਤ ਮੁਕੱਦਮਾ ਦਰਜ ਕੀਤਾ ਗਿਆ। | | ਸ:ਥ ਕੇਵਲ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ